52 ਡੀ.ਐਫ.ਓ. 9/3/26

**ਪੰਜਾਬ ਸਰਕਾਰ,**

**ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ**

**ਦਫ: ਵਣ ਮੰਡਲ ਅਫਸਰ, ਹੁਸ਼ਿਆਰਪੁਰ Emall-dfohsp@gmall.com, Phone No-01882-250715**

ਸੇਵਾ ਵਿਖੇ,

ਨੋਡਲ ਅਫਸਰ (ਐੱਫ.ਸੀ.ਏ.),
ਪੰਜਾਬ, ਐੱਸ.ਏ.ਐੱਸ ਨਗਰ।

ਨੰਬਰ/ 11089 ਮਿਤੀ 6/3/2026

ਵਿਸ਼ਾ- Diversion area of 0.005 ha of forest land for approach access road to Sant Enclave (Residential Colony) for Sh. Ranjodh Singh S/o Late Sh. Surinder Singh situated at village Jian on Ropar-Hoshiarpur road, KM 81-82 RHS Tehsil and Distt Hoshiarpur (Punjab), under Hoshiarpur Forest Division. (Proposal No. FP/PB/Approach/142210/2021)

ਹਵਾਲਾ: ਆਪ ਜੀ ਵੱਲੋਂ ਲਗਾਈ ਗਈ ਈ.ਡੀ.ਐੱਸ. ਜੋਕਿ ਵਣ ਪਾਲ ਨਾਰਥ ਸਰਕਲ, ਪੰਜਾਬ, ਹੁਸ਼ਿਆਰਪੁਰ ਜੀ ਦੀ ਈ.ਡੀ.ਐੱਸ. ਮਿਤੀ 25-02-2026 ਨਾਲ ਪ੍ਰਾਪਤ ਹੋਈ.

ਉਪਰੋਕਤ ਵਿਸ਼ੇ ਸਬੰਧੀ ਪ੍ਰੋਪੋਜਲ ਵਿੱਚ ਆਪ ਜੀ ਵੱਲੋਂ ਲਗਾਈ ਗਈ ਈ.ਡੀ.ਐੱਸ. ਜੋਕਿ ਵਣ ਪਾਲ ਨਾਰਥ ਸਰਕਲ, ਪੰਜਾਬ, ਹੁਸ਼ਿਆਰਪੁਰ ਜੀ ਦੀ ਈ.ਡੀ.ਐੱਸ. ਮਿਤੀ 25-02-2026 ਨਾਲ ਪ੍ਰਾਪਤ ਹੋਈ ਸੀ, ਵਿੱਚ ਦਿੱਤੇ ਗਏ ਆਦੇਸ਼ਾਂ ਨੂੰ ਮੁੱਖ ਰੱਖਦੇ ਹੋਏ ਪ੍ਰੋਪੋਜਲ ਦਾ ਰਿਕਾਰਡ ਘੋਖਣ ਉਪਰੰਤ ਇਸ ਮੰਡਲ ਦਾ ਜਵਾਬ ਹੇਠ ਅਨੁਸਾਰ ਪਰੀਵੇਸ਼ ਪੋਰਟਲ ਤੇ ਪਾਰਟ-2 ਦੇ Additional information details ਵਿੱਚ ਅਪਲੋਡ ਕਰਕੇ ਸੂਚਨਾ ਅਗਲੇਰੀ ਯੋਗ ਕਾਰਵਾਈ ਲਈ ਸਿਫਾਰਸ਼ ਸਹਿਤ ਆਪ ਜੀ ਨੂੰ ਭੇਜੀ ਜਾਂਦੀ ਹੈ:-

| ਨੋਡਲ ਅਫਸਰ (ਐਫ.ਸੀ.ਏ.) ਜੀ ਵੱਲੋਂ ਲਗਾਈ ਗਈ ਈ.ਡੀ.ਐੱਸ ਦਾ ਵੇਰਵਾ | ਜਵਾਬ/ਰਿਮਾਰਕਸ |
|---|---|
| • There is no clarity wrt the revision of the proposal from the UA and how the no of trees has decreased to 1 from the initial no of 205 although EDS was raised dated 22.12.2021. | ਇਸ ਬਾਰੇ ਬੇਨਤੀ ਹੈ ਕਿ ਸ਼ੁਰੂ ਵਿੱਚ ਯੂਜਰ ਏਜੰਸੀ ਵੱਲੋਂ ਪ੍ਰੋਪੋਜਲ ਨਾਲ ਸਬਮਿੱਟ ਕੀਤੇ layout plan ਵਿੱਚ 57.60 Sqm ਅਤੇ 0.005 ਹੈਕਟਰ ਰਕਬਾ ਦਰਸਾ ਕੇ ਕੇਸ ਅਪਲਾਈ ਕੀਤਾ ਗਿਆ ਸੀ ਅਤੇ ਸਿਰਫ਼ 2 ਰੁੱਖ (Shisham ਅਤੇ Silveroak) ਪ੍ਰਸਤਾਵਿਤ ਏਰੀਆ ਨਾਲ ਸੰਬੰਧਤ ਸਨ ਅਤੇ ਯੂਜਰ ਏਜੰਸੀ ਵੱਲੋਂ ਉਹਨਾਂ ਨੂੰ ਨਾ ਕੱਟਣ ਦੀ undertaking ਦਿੱਤੀ ਗਈ ਸੀ। ਉਸ ਸਮੇਂ Part-II ਭਰਦੇ ਸਮੇਂ 2 ਰੁੱਖਾਂ ਦੀ girth (107 cm + 98 cm = 205 cm) ਨੂੰ ਗਲਤੀ (clerical mistake) ਨਾਲ trees ਦੀ ਗਿਣਤੀ ਵਜੋਂ ਐਂਟਰ ਕਰ ਦਿੱਤਾ ਗਿਆ ਸੀ, ਜਿਸ ਕਾਰਨ ਰੁੱਖਾਂ ਦੀ ਗਿਣਤੀ 205 ਸ਼ੋਅ ਹੋ ਰਹੀ ਸੀ। ਪ੍ਰੰਤੂ ਬਾਅਦ ਵਿੱਚ ਮਿਤੀ 22.12.2021 ਦੇ ਇਤਰਾਜ ਬਾਰੇ Revised layout plan ਯੂਜਰ ਏਜੰਸੀ ਵੱਲੋਂ ਜੋ ਸਬਮਿੱਟ ਕੀਤਾ ਸੀ। ਇਸ ਸਬੰਧੀ Revised layout plan ਬਾਰੇ ਵਣ ਰੇਂਜ ਅਫਸਰ ਹੁਸ਼ਿਆਰਪੁਰ ਪਾਸੋਂ ਦੁਬਾਰਾ ਪ੍ਰਾਪਤ ਰਿਪੋਰਟ ਅਤੇ ਮਾਰਕਿੰਗ ਲਿਸਟ ਅਨੁਸਾਰ Ropar-Hoshiarpur road, KM 81-82 RHS Protected Forest Strip ਦਾ 49.974 Sqm or Say 50.00 sqm = 0.005 hectare ਰਕਬਾ ਅਤੇ ਸਿਰਫ਼ 1 ਰੁੱਖ (Shisham) ਪ੍ਰਭਾਵਿਤ ਹੋ ਰਿਹਾ ਹੈ। ਇਸ ਲਈ ਗਿਣਤੀ 2 ਤੋਂ 1 ਹੋ ਗਈ ਹੈ |
| • ਵਣ ਮੰਡਲ ਅਫਸਰ ਦੇ ਪੱਤਰ ਨੰ : 3312 ਮਿਤੀ 08.07.2025 ਦੇ ਲੜੀ ਨੰ :2 ਵਿੱਚ ਸੂਚਨਾਂ ਦਿੱਤੀ ਗਈ ਹੈ ਕਿ lay out plan revise ਕੀਤਾ ਗਿਆ ਹੈ। ਇਸ ਸਬੰਧੀ ਪਹਿਲਾਂ ਪਰਵਾਨ ਹੋਇਆ lay out plan ਦੀ ਸੂਚਨਾਂ ਅਤੇ ਪਹਿਲਾਂ ਬਣਾਈ ਗਈ KML file of project site and required forest area for diversion ਸਬੰਧੀ kml file ਅਤੇ ਲੋੜੀਂਦੇ ਦਸਤਾਵੇਜ ਪਾਰਟ-II ਦੇ Additional information details ਵਿੱਚ ਅਪਲੋਡ ਕਰ ਦਿੱਤੇ ਜਾਣ। | ਇਸ ਸਬੰਧ ਵਿੱਚ ਆਪ ਜੀ ਵੱਲੋਂ ਦਿੱਤੇ ਆਦੇਸ਼ਾਂ ਨੂੰ ਮੁੱਖ ਰੱਖਦੇ ਹੋਏ ਪ੍ਰੋਪੋਜਲ ਦਾ ਰਿਕਾਰਡ ਘੋਖਣ ਉਪਰੰਤ ਯੂਜਰ ਏਜੰਸੀ ਦੁਆਰਾ ਸਬਮਿੱਟ ਪਹਿਲਾਂ ਪ੍ਰਵਾਨ ਹੋਇਆ lay out plan ਅਤੇ ਪਹਿਲਾਂ ਬਣਾਈ ਗਈ KML file of project site and required forest area for diversion ਸਬੰਧੀ kml file ਅਤੇ ਲੋੜੀਂਦੇ ਦਸਤਾਵੇਜ ਪਾਰਟ-II ਦੇ Additional information details ਵਿੱਚ ਅਪਲੋਡ ਕਰ ਦਿੱਤੇ ਗਏ ਹਨ ਜੀ। |

ਵਣ ਮੰਡਲ ਅਫਸਰ,
ਹੁਸ਼ਿਆਰਪੁਰ।

D:\FCA (Santosh)\Forests Clearance.nic.in\F.C.A_Sham_ from 18-12-2025.doc

ਪਿੱਠ ਅੰਕਣ ਨੰ: 11090-11092 ਮਿਤੀ 6/3/2026

ਇਸ ਦੀ ਇੱਕ ਨਕਲ :-

1) ਵਣ ਪਾਲ ਨਾਰਥ ਸਰਕਲ, ਪੰਜਾਬ, ਹੁਸ਼ਿਆਰਪੁਰ ਜੀ ਨੂੰ ਉਪਰੋਕਤ ਅਨੁਸਾਰ ਸੂਚਨਾ ਅਗਲੇਰੀ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ।

2) ਵਣ ਰੇਂਜ ਅਫਸਰ, ਹੁਸ਼ਿਆਰਪੁਰ ਨੂੰ ਸੂਚਨਾ ਤੇ ਜਰੂਰੀ ਕਾਰਵਾਈ ਲਈ ਭੇਜੀ ਜਾਂਦੀ ਹੈ। ਇਹ ਵੀ ਲਿਖਿਆ ਜਾਂਦਾ ਹੈ ਕਿ ਫਾਰੈਸਟ ਕਲੀਅਰੈਂਸ ਤਹਿਤ ਪ੍ਰਵਾਨਗੀ ਪ੍ਰਾਪਤ ਹੋਣ ਤੋਂ ਬਿਨਾ ਯੂਜਰ ਏਜੰਸੀ ਨੂੰ ਵਣ ਰਕਬਾ ਗੈਰ ਵਣ ਮੰਤਵ ਲਈ ਵਰਤਣ ਨਾ ਦਿੱਤਾ ਜਾਵੇ।

3) Sh. Ranjodh Singh S/o Late Sh. Surinder Singh, M/s Sant Enclave (Residential Colony), Village Jian, adda Chabewal Sant Market, P.O. Bassi Kalan, Tehsil & District Hoshiarpur (Email: **sukhwindersingha7@gmail.com,** Mobile No.: **9872445193)** ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਫਾਰੈਸਟ ਕਲੀਅਰੈਂਸ ਤਹਿਤ ਪ੍ਰਵਾਨਗੀ ਪ੍ਰਾਪਤ ਹੋਣ ਤੋਂ ਬਿਨ੍ਹਾ ਵਣ ਰਕਬਾ ਗੈਰ ਵਣ ਮੰਤਵ ਲਈ ਨਾ ਵਰਤਿਆ ਜਾਵੇ।

ਵਣ ਮੰਡਲ ਅਫਸਰ,
ਹੁਸ਼ਿਆਰਪੁਰ।